
## ਪਾਠ-16

## ਗੁਲਾਬ ਦੀ ਫ਼ਸਲ (ਲੇਖਕ-ਹਰਭਜਨ ਸਿੰਘ ਹੁੰਦਲ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਇਸ ਕਵਿਤਾ ਵਿੱਚ ਕੁਝ ਜ਼ਾਲਮਾਂ ਦਾ ਜ਼ਿਕਰ ਆਇਆ ਹੈ, ਜਿਨ੍ਹਾਂ ਨੂੰ ਆਖ਼ਰ ਵਿੱਚ ਆਪਣੇ ਕੀਤੇ ਦੀ ਸਜ਼ਾ ਭੁਗਤਣੀ ਪਈ, ਇਨ੍ਹਾਂ ਬਾਰੇ ਸੰਖੇਪ ਵਿੱਚ ਦੱਸੋ।?**

ਉੱਤਰ : **1. ਮੀਰ ਮੰਨੂੰ :** ਮੀਰ ਮੰਨੂੰ ਨੂੰ ਬਾਦਸ਼ਾਹ ਵੱਲੋਂ ਸੂਬੇਦਾਰੀ ਤੋਂ ਹਟਾਉਣ ਮਗਰੋਂ 1808 ਵਿੱਚ ਉਸ ਨੇ ਸਿੱਖਾਂ ਤੋਂ ਮਦਦ ਲੈ ਕੇ ਲਾਹੌਰ ਦੀ ਸੂਬੇਦਾਰੀ ਮੁੜ ਪ੍ਰਾਪਤ ਕੀਤੀ। ਪਰ ਬਾਅਦ ਵਿੱਚ ਸਿੱਖਾਂ ਤੇ ਬੇਅੰਤ ਜ਼ੁਲਮ ਢਾਹੇ। ਅੰਤ 1818 ਵਿੱਚ ਸਿੱਖਾਂ ਵਿਰੁੱਧ ਇੱਕ ਮੁਹਿੰਮ ਦੌਰਾਨ ਘੋੜੇ ਤੋਂ ਡਿੱਗ ਕੇ ਮਰ ਗਿਆ।

**2. ਮੁਗ਼ਲ ਬਾਦਸ਼ਾਹ :** ਜਹਾਂਗੀਰ ਤੋਂ ਬਾਅਦ ਦੇ ਮੁਗ਼ਲ ਬਾਦਸ਼ਾਹ, ਜਿਨ੍ਹਾਂ ਦੇ ਇਸ਼ਾਰਿਆਂ ਤੇ ਪੰਜਾਬ ਦੇ ਹਾਕਮਾਂ ਨੇ ਸਿੱਖਾਂ ਤੇ ਬੇਅੰਤ ਜ਼ੁਲਮ ਢਾਹੇ, ਪਰ ਸਿੱਖਾਂ ਨੇ ਲਗਾਤਾਰ ਟੱਕਰ ਲੈ ਕੇ ਮੁਗ਼ਲ ਸਲਤਨਤ ਨੂੰ ਖ਼ੋਖਲਾ ਕਰ ਦਿੱਤਾ।

**ਪ੍ਰਸ਼ਨ ਅ. ਕਵਿਤਾ ਵਿੱਚ ਕਿਹੜੀਆਂ ਤੁਕਾਂ ਹਨ ਜਿਨ੍ਹਾਂ ਵਿੱਚ ਅਤਿ ਦੇ ਜ਼ੁਲਮ ਸਹਿੰਦੇ ਹੋਏ ਵੀ ਅਡੋਲ ਤੇ ਸ਼ਾਂਤ ਰਹਿਣ ਦੀ ਅਵਸਥਾ ਦਾ ਵਰਨਣ ਹੈ?**

ਉੱਤਰ : ਕਵਿਤਾ ਦੀਆਂ ਤੁਕਾਂ ਹੇਠ ਲਿਖੇ ਅਨੁਸਾਰ ਹਨ।

1. ਤੱਤੀ ਤਵੀ 'ਤੇ ਬੈਠ ਅਡੋਲ ਰਹੀਏ, ਆਰੇ ਹੇਠ ਵੀ ਜ਼ਿੰਦਗੀ ਮਾਣਦੇ ਹਾਂ।
2. ਜਾ ਕੇ ਪੁੱਛ ਲਓ ਕੰਧ ਸਰਹਿੰਦ ਦੀ ਨੂੰ, ਬਾਲ ਚਿਣੇ ਹੋਏ ਕਿੱਦਾਂ ਹੱਸਦੇ ਨੇ।
3. ਵੱਢੇ ਸਿਰਾਂ ਦੇ ਜਦੋਂ ਸੀ ਮੁੱਲ ਪੈਂਦੇ, ਹੋਏ ਹੌਸਲੇ ਸਾਡੇ ਅੰਗਿਆਰ ਵਾਂਗੂੰ।
4. ਬੰਦ-ਬੰਦ ਵੀ ਕੱਟ ਕੇ ਵੇਖ ਚੁੱਕੇ, ਫੁੱਲ ਮਹਿਕਣੋ ਜ਼ਰਾ ਨਾ ਬੰਦ ਹੋਏ।
5. ਚਾੜ੍ਹ ਚਰਖੜੀ ਪਰਖਦੇ ਯੋਧਿਆਂ ਨੂੰ, ਸਾਡੇ ਕੱਦ ਸੀ ਹੋਰ ਬੁਲੰਦ ਹੋਏ।
6. ਟੋਟੇ ਜਿਗਰ ਦੇ ਸਾਹਮਣੇ ਕਰਨ ਟੋਟੇ, ਮਾਵਾਂ ਡੱਕਰੇ ਝੋਲ਼ੀ ਪਵਾਉਂਦੀਆਂ ਨੇ।
7. ਉੱਚਾ ਸੁੱਟ ਕੇ ਬੋਚਦੇ ਨੇਜ਼ਿਆਂ 'ਤੇ, ਭੋਰਾ ਫੇਰ ਵੀ ਨਹੀਂ ਘਬਰਾਉਂਦੀਆਂ ਨੇ।

**ਪ੍ਰਸ਼ਨ ੲ. ਲਕੀਰੇ ਸ਼ਬਦ ਕਿਹੜੇ-ਕਿਹੜੇ ਸ਼ਹੀਦਾਂ ਦੀ ਯਾਦ ਦਿਵਾਉਂਦੇ ਹਨ?**

ਉੱਤਰ :

| **ਸ਼ਬਦ** | **ਸ਼ਹੀਦਾਂ ਦਾ ਨਾਂ** |
|---|---|
| 1. **ਸੀਸ ਤਲੀ 'ਤੇ** ਰੱਖਣਾ ਜਾਣਦੇ ਹਾਂ। | ਬਾਬਾ ਦੀਪ ਸਿੰਘ ਜੀ। |
| 2. **ਤੱਤੀ ਤਵੀ 'ਤੇ** ਬੈਠ ਅਡੋਲ ਰਹੀਏ। | ਸ੍ਰੀ ਗੁਰੂ ਅਰਜਨ ਦੇਵ ਜੀ। |
| 3. **ਆਰੇ ਹੇਠ ਵੀ** ਜ਼ਿੰਦਗੀ ਮਾਣਦੇ ਹਾਂ। | ਭਾਈ ਮਤੀ ਦਾਸ ਜੀ। |
| 4. ਜਾ ਕੇ ਪੁੱਛ ਲਓ **ਕੰਧ ਸਰਹਿੰਦ ਦੀ ਨੂੰ**। | ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ। |
| 5. **ਬੰਦ-ਬੰਦ ਵੀ ਕੱਟ ਕੇ** ਵੇਖ ਚੁੱਕੇ। | ਭਾਈ ਮਨੀ ਸਿੰਘ ਜੀ। |

**ਪ੍ਰਸ਼ਨ ਸ. ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :**

**ੳ. ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ,**
**ਉੱਥੇ ਫ਼ਸਲ ਗੁਲਾਬ ਦੀ ਮਹਿਕਦੀ ਹੈ।**

**ਭਾਵ :** ਜਿੱਥੇ-ਜਿੱਥੇ ਸ਼ਹੀਦਾਂ ਦਾ ਖ਼ੂਨ ਡੁੱਲ੍ਹਦਾ ਹੈ। ਉੱਥੇ ਅਣਖੀ ਯੋਧੇ ਪੈਦਾ ਹੁੰਦੇ ਹਨ।

**ਅ. ਸਾਡੀ ਪਿੱਠ ਤੇ ਖੜ੍ਹਾ ਇਤਿਹਾਸ ਸਾਡਾ,**
**ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ।**
**ਅਸੀਂ ਜਾਣਦੇ ਕਿੰਝ ਕੁਰਬਾਨ ਹੋਣਾ,**
**ਸੋਹਣੇ ਦੇਸ ਦੀ ਇੱਕ ਵੀ ਮੰਗ ਉੱਤੇ।**

**ਭਾਵ :** ਸਿੱਖਾਂ ਦਾ ਇਤਿਹਾਸ ਅਣਖ, ਸਿਦਕ, ਸੂਰਬੀਰਤਾ ਤੇ ਧਰਮ 'ਤੇ ਦ੍ਰਿੜ ਰਹਿ ਕੇ ਕੁਰਬਾਨ ਹੋਣ ਵਾਲ਼ਾ ਹੈ। ਸਿੱਖ ਧਰਮ ਦਸਦਾ ਹੈ ਕਿ ਜਦੋਂ ਦੇਸ ਨੂੰ ਲੋੜ ਪਵੇ ਤਾਂ ਕਿੰਝ ਕੁਰਬਾਨੀ ਦੇਣੀ ਹੈ।

## 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਥਾਪਨਾ | : | ਥਾਪੀ, ਹੱਲਾਸ਼ੇਰੀ, ਆਸਰਾ |
| ਡੱਕਰੇ | : | ਟੋਟੇ, ਟੁਕੜੇ |
| ਅਡੋਲ | : | ਜੋ ਡੋਲੇ ਨਾ, ਸਥਿਰ, ਪੱਕਾ |
| ਮੋਹ | : | ਪਿਆਰ, ਲਗਾਅ |
| ਚਹਿਕਦੀ | : | ਪੰਛੀਆਂ ਦਾ ਖ਼ੁਸ਼ੀ ਨਾਲ਼ ਬੋਲਣਾ ਜਾਂ ਗਾਉਣਾ |
| ਰੱਤ | : | ਖ਼ੂਨ, ਲਹੂ |

## 4. ਵਾਕਾਂ ਵਿੱਚ ਵਰਤੋਂ :

1. **ਜੂਝਣਾ (ਲੜਨਾ)–** ਸਿੱਖ ਰਾਜ ਸਥਾਪਿਤ ਹੋਣ ਤੱਕ ਸਿੱਖ ਜੂਝਦੇ ਰਹੇ।
2. **ਗੁਲਜ਼ਾਰ ਵਾਂਗ ਖਿੜਨਾ (ਵਧੀਆ ਹਾਲਤ ਵਿੱਚ ਉੱਭਰਨਾ)–** ਬੇਅੰਤ ਤਸੀਹਿਆਂ ਦੇ ਬਾਵਜੂਦ ਸਿੱਖ ਗੁਲਜ਼ਾਰ ਵਾਂਗ ਖਿੜੇ ਰਹੇ।
3. **ਸਿਰਾਂ ਦੇ ਮੁੱਲ ਪੈਣਾ (ਬਹੁਤ ਜ਼ੁਲਮ ਹੋਣਾ)–** ਮੀਰ ਮੰਨੂੰ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ।
4. **ਬੁਲੰਦ ਹੋਣਾ (ਉੱਚਾ ਹੋਣਾ)–** ਅਨੇਕਾਂ ਜ਼ੁਲਮ ਸਹਿਣ ਤੋਂ ਬਾਅਦ ਵੀ ਸਿੱਖਾਂ ਦੇ ਹੌਸਲੇ ਬੁਲੰਦ ਰਹੇ।
5. **ਜਿਗਰ ਦੇ ਟੋਟੇ (ਪੁੱਤਰ)–** ਮੁਗਲਾਂ ਸਮੇਂ ਸਿੱਖ ਮਾਂਵਾਂ ਦੇ ਜਿਗਰ ਦੇ ਟੋਟੇ ਉਹਨਾਂ ਦੇ ਸਾਹਮਣੇ ਸ਼ਹੀਦ ਕਰ ਦਿੱਤੇ ਜਾਂਦੇ ਸਨ।।
6. **ਰੱਤ ਡੁੱਲ੍ਹਣਾ (ਕੁਰਬਾਨੀ ਹੋਣੀ)–** ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹਦੀ ਹੈ ਉੱਥੇ ਅਣਖੀ ਯੋਧੇ ਪੈਦਾ ਹੁੰਦੇ ਹਨ।
7. **ਕੁਰਬਾਨ ਹੋਣਾ (ਜਾਨ ਦੇਣਾ)–** ਦੇਸ ਦੀ ਅਜ਼ਾਦੀ ਲਈ ਅਨੇਕਾਂ ਦੇਸ ਭਗਤ ਕੁਰਬਾਨ ਹੋਏ।
8. **ਭਾਜੀਆਂ ਮੋੜਨਾ (ਵਧਾ-ਚੜ੍ਹਾ ਕੇ ਬਦਲਾ ਲੈਣਾ)–** ਬੰਦਾ ਬਹਾਦਰ ਨੇ ਸਰਹਿੰਦ ਦੇ ਨਵਾਬ ਨੂੰ ਭਾਜੀ ਮੋੜ ਦਿੱਤੀ।